


www.punjabilibrary.com

# ਅੰਤਿਮ ਸ੍ਰੇਣੀ

ਓ ਕਸ਼ਮੀਰ ਤੇਰਾ ਫੋਨ ਆ ਰਿਹਾ ਈ, ਜਲਦੀ ਆਜਾ ਕਹਿੰਦੇ ਜ਼ਰੂਰੀ ਆ....

ਇੱਕ ਆਦਮੀ ਨੇ ਕੰਮ ਕਰਦੇ ਕਸ਼ਮੀਰ ਸਿੰਘ ਨੂੰ ਆਵਾਜ਼ ਲਗਾਈ। ਕਸ਼ਮੀਰ ਸਿੰਘ ਜਲਦੀ ਨਾਲ ਫੋਨ ਦੇ ਕੋਲ ਆਇਆ ਤੇ ਫੋਨ ਫੜ ਕੇ ਕੰਨ ਨੂੰ ਲਗਾ ਲਿਆ...

ਕਸ਼ਮੀਰ - ਹੈਲੋ ...

ਗੋਪਾਲ ਸਿੰਘ - ਕੀ ਹਾਲ ਆ ਕਸ਼ਮੀਰ?

ਕਸ਼ਮੀਰ - ਸਤਿ ਸ੍ਰੀ ਅਕਾਲ ਭਾਜੀ।

ਗੋਪਾਲ - ਸਤਿ ਸ੍ਰੀ ਅਕਾਲ। ਕੀ ਹਾਲ ਆ ਤੇਰਾ?

ਕਸ਼ਮੀਰ - ਵਧੀਆ ਭਾਜੀ ਤੁਸੀਂ ਸੁਣਾਓ ਘਰੇ ਸਭ ਠੀਕ ਠਾਕ ਨੇ?

ਐਦਾਂ ਹੀ ਹੋਰ ਪ੍ਰਵਾਰਿਕ ਗੱਲਾਂ ਹੋਈਆਂ। ਦਰਅਸਲ ਫੋਨ ਕਸ਼ਮੀਰ ਦੇ ਵੱਡੇ ਭਰਾ ਦਾ ਸੀ ਜੋ ਕਿ ਆਪਣੇ ਪਿੰਡ ਤੋਂ ਕਰ ਰਿਹਾ ਸੀ। ਕਸ਼ਮੀਰ ਰਾਜਸਥਾਨ ਕਿਸੇ ਕੰਪਨੀ ਵਿਚ ਕੰਮ ਕਰਦਾ ਸੀ। ਕੁਝ ਗੱਲਾਂ ਬਾਤਾਂ ਹੋਈਆਂ ਤੇ ਫਿਰ ਗੋਪਾਲ ਨੇ ਕਿਹਾ..

ਗੋਪਾਲ - ਕਸ਼ਮੀਰ ਬਾਪੂ ਬੜਾ ਬਿਮਾਰ ਹੈ, ਤੇ ਮੈਂ ਘਰੇ ਇਕੱਲਾ ਹਾਂ ਘਰ ਦੇ ਕੰਮ ਵੀ ਦੇਖਣੇ ਹੁੰਦੇ ਆ ਤੇ ਬਾਪੂ ਨੂੰ ਵੀ ਏਧਰ-ਓਧਰ ਖੜਨਾ ਹੁੰਦਾ, ਤੂੰ ਐਦਾਂ ਕਰ ਜਲਦੀ ਨਾਲ ਛੁੱਟੀ ਲੈ ਕੇ ਘਰੇ ਆ ਜਾ।

ਕਸ਼ਮੀਰ - ਕੀ ਗੱਲ ਹੋਈ ਬਾਪੂ ਜੀ ਨੂੰ?

ਗੋਪਾਲ - ਤੂੰ ਘਰੇ ਆ ਜਾ ਫਿਰ ਦੱਸਾਂਗੇ।

ਕਸ਼ਮੀਰ - ਚਲੋ ਠੀਕ ਆ ਭਾਜੀ ਮੈਂ ਛੁੱਟੀ ਲੈ ਕੇ ਕੱਲ ਹੀ ਐਥੋਂ ਚੱਲ ਪੈਂਦਾ ਹੈ।

ਗੋਪਾਲ - ਚੱਲ ਠੀਕ ਆ ਫਿਰ ਜਲਦੀ ਆਜਾ।

ਕਸ਼ਮੀਰ - ਚੰਗਾ ਜੀ।

ਐਨਾ ਕਹਿ ਕੇ ਗੋਪਾਲ ਨੇ ਫੋਨ ਬੰਦ ਕਰ ਦਿੱਤਾ। ਕਸ਼ਮੀਰ ਨੇ ਓਸੇ ਦਿਨ ਹੀ ਇੱਕ ਮਹੀਨੇ ਦੀ ਛੁੱਟੀ ਲੈ ਲਈ ਤੇ ਅਗਲੇ ਦਿਨ ਦੁਪਹਿਰੇ ਟ੍ਰੇਨ ਵਿਚ ਬੈਠ ਗਿਆ। ਤੇ ਘਰੇ ਫੋਨ ਲਗਾ ਕੇ ਆਪਣੇ ਪੁੱਜਣ ਦਾ ਸਮਾਂ ਦੱਸ ਦਿੱਤਾ। ਅਗਲੇ ਦਿਨ ਕਰੀਬ ਗਿਆਰਾਂ ਕੁ ਵਜੇ ਨਾਲ ਪਿੰਡ ਨੇ ਨੇੜਲੇ ਸਟੇਸ਼ਨ ਤੇ ਜਾ ਪੁੱਜਾ। ਅੱਗੇ ਉਸ ਨੂੰ ਲੈਣ ਲਈ ਉਸ ਦਾ ਵੱਡਾ ਭਰਾ ਤੇ ਨਾਲ ਦੋ ਕੁ ਹੋਰ ਬੰਦੇ ਆਏ ਸਨ। ਕਸ਼ਮੀਰ ਨੇ ਉਹਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਫਿਰ ਇੱਕ ਆਦਮੀ ਨੇ ਕਸ਼ਮੀਰ ਦਾ ਬੈਗ ਉਸ ਤੋਂ ਲੈ ਲਿਆ। ਜਦੋਂ ਕਸ਼ਮੀਰ ਸਟੇਸ਼ਨ ਤੋਂ ਬਾਹਰ ਨਿਕਲਿਆ ਤਾਂ ਉਸ ਨੇ ਦੇਖਿਆ ਕਿ ਬਾਹਰ ਤਾਂ ਉਸ ਦੇ ਪਿੰਡ ਵਾਲਿਆਂ ਤੇ ਪਰਿਵਾਰ ਨਾਲ ਪੂਰੀ ਟਰਾਲੀ ਭਰੀ ਹੋਈ ਸੀ। ਉਸ ਨੂੰ ਕੁਝ ਸਮਝ ਨਾ ਲੱਗਾ। ਫਿਰ ਉਹ ਟਰਾਲੀ ਵਿੱਚ ਬੈਠ ਗਿਆ ਤੇ ਹੱਥ ਜੋੜ ਕੇ ਸਭ ਨੂੰ ਸਤਿ ਸ੍ਰੀ ਅਕਾਲ ਬੁਲਾਈ। ਫਿਰ ਉਹ ਓਥੋਂ ਚੱਲ ਪਏ। ਪਰ ਕਸ਼ਮੀਰ ਹੈਰਾਨ ਸੀ ਕਿ ਸਭ ਆਪਣੇ ਪਿੰਡ ਨੂੰ ਜਾਣ ਦੀ ਬਿਜਾਏ ਉਸਦੀ ਭੈਣ ਦੇ ਪਿੰਡ ਵੱਲ ਨੂੰ ਜਾ ਰਹੇ ਸਨ। ਪਰ ਕਸ਼ਮੀਰ ਨੇ ਕਿਸੇ ਨੂੰ ਕੁਝ ਪੁੱਛਿਆ ਨਹੀਂ, ਚੁੱਪ ਚਾਪ ਬੈਠਾ ਰਿਹਾ। ਕੁਝ ਦੇਰ ਪਿੱਛੋਂ ਉਹ ਸਭ ਉਸਦੀ ਭੈਣ ਦੇ ਪਿੰਡ ਪੁੱਜ ਗਏ। ਕਸ਼ਮੀਰ ਨੂੰ ਕੁਝ-ਕੁਝ ਅਨੁਭਵ ਤਾਂ ਹੋਣ ਲੱਗਾ ਕਿ ਕਿਸੇ ਦੀ ਮੌਤ ਹੋਈ ਹੈ ਕਿਉਂਕਿ ਜ਼ਿਆਦਾਤਰ ਔਰਤਾਂ ਨੇ ਚਿੱਟੀਆਂ ਚੁੰਨੀਆਂ ਲਈਆਂ ਹੋਈਆਂ ਸਨ ਪਰ ਇਹ ਨਹੀਂ ਸੀ ਪਤਾ ਲੱਗ ਰਿਹਾ ਕਿ ਮੌਤ ਹੋਈ ਕਿਸਦੀ ਹੈ। ਪਿੰਡ ਪੁੱਜਣ ਤੇ ਸਭ ਟਰਾਲੀ ਵਿੱਚੋਂ ਉੱਤਰ ਗਏ ਤੇ ਉਸਦੀ ਭੈਣ ਦੇ ਘਰ ਵੱਲ ਨੂੰ ਤੁਰ ਪਏ। ਘਰ ਪੁੱਜਣ ਤੇ ਕਸ਼ਮੀਰ ਦੀ ਵੱਡੀ ਭੈਣ ਬਾਵੀ ਉਸਦੇ ਗੱਲ ਲੱਗ ਕੇ ਰੋਣ ਲੱਗ ਪਈ। ਫਿਰ ਕਸ਼ਮੀਰ ਨੂੰ ਪਤਾ ਚੱਲ ਗਿਆ ਕਿ ਉਸਦੀ ਇੱਕ ਭੈਣ ਜੋ ਬਾਵੀ ਤੋਂ ਛੋਟੀ

ਤਾਰੀ ਸੀ ਉਹ ਪੂਰੀ ਹੋ ਗਈ ਸੀ। ਤੇ ਅੱਜ ਉਸਦਾ ਚੌਥਾ ਸੀ। ਉਸ ਦੀ ਮੌਤ ਨੂੰ ਕਰੀਬ ਚਾਰ ਦਿਨ ਹੋ ਗਏ ਸਨ । ਕਸ਼ਮੀਰ ਵੀ ਫੁੱਟ ਫੁੱਟ ਕੇ ਰੋਣ ਲੱਗ ਪਿਆ। ਐਦਾਂ ਹੀ ਵਾਰੀ-ਵਾਰੀ ਸਭ ਜੀਅ ਇੱਕ ਦੂਜੇ ਦੇ ਗੱਲ ਲੱਗ ਕੇ ਰੋਣ ਲੱਗੇ। ਇਹ ਕਿੰਨੀ ਦੇਰ ਤੱਕ ਚਲਦਾ ਰਿਹਾ। ਤਾਰੀ ਦੇ ਮਰਨ ਦਾ ਸਭ ਨੂੰ ਦੁੱਖ ਸੀ ਪਰ ਕਸ਼ਮੀਰ ਦਾ ਦੁੱਖ ਮਾਪਣ ਵਿੱਚ ਨਹੀਂ ਸੀ ਆਉਂਦਾ ਕਿਉਂਕਿ ਉਸਦਾ ਆਪਣੀ ਭੈਣ ਤਾਰੀ ਨਾਲ ਸਭ ਨਾਲੋਂ ਕਿਤੇ ਵੱਧ ਪਿਆਰ ਸੀ। ਫਿਰ ਸਭ ਨੇ ਰਸਮ ਅਨੁਸਾਰ ਕੰਮ ਕੀਤੇ ਤੇ ਕੁਝ ਦੇਰ ਪਿੱਛੋਂ ਘਰ ਵੱਲ ਨੂੰ ਚੱਲ ਪਏ।

ਘਰ ਪੁੱਜਦੇ ਹੀ ਕਸ਼ਮੀਰ ਆਪਣੀ ਮਾਂ ਨੂੰ ਮਿਲਦਾ ਹੈ ਤੇ ਗੱਲ ਲੱਗ ਕੇ ਰੋਂਦਾ ਹੈ, ਉਸਦੀ ਮਾਂ ਵੀ ਉਸ ਤੋਂ ਕੀਤੇ ਜਿਆਦਾ ਰੋਂਦੀ ਹੈ। ਉਸ ਤੋਂ ਬਾਅਦ ਕਸ਼ਮੀਰ ਆਪਣੇ ਬਾਪੂ ਕੋਲ ਜਾਂਦਾ ਹੈ ਜੋ ਕਿ ਕਮਰੇ ਅੰਦਰ ਇੱਕ ਮੰਜੇ ਉਪਰ ਪਿਆ ਹੋਇਆ ਸੀ। ਕਸ਼ਮੀਰ ਆਪਣੇ ਬਾਪੂ ਕੋਲ ਗਿਆ ਤੇ ਜਾ ਕੇ ਪੈਰੀ ਹੱਥ ਲਾਇਆ। ਕਸ਼ਮੀਰ ਅਜੇ ਵੀ ਰੋ ਰਿਹਾ ਸੀ। ਕਸ਼ਮੀਰ ਦੇ ਬਾਪੂ ਨੇ ਉਸ ਨੂੰ ਚੁੱਪ ਹੋਣ ਲਈ ਕਿਹਾ। ਫਿਰ ਕੁਝ ਦੇਰ ਤੱਕ ਉਹ ਦੋਨੋ ਗੱਲਾਂ ਬਾਤਾਂ ਕਰਦੇ ਰਹੇ।

ਰਾਤ ਹੋਣ ਉਪਰੰਤ ਸਾਰਾ ਪਰਿਵਾਰ ਇਕੱਠਾ ਹੁੰਦਾ ਹੈ। ਕਸ਼ਮੀਰ ਦੀ ਪਤਨੀ ਤੇ ਭਾਬੀ ਸਭ ਨੂੰ ਰੋਟੀ ਪਾਣੀ ਛਕਾਉਂਦੀਆਂ ਹਨ। ਕਸ਼ਮੀਰ ਦਾ ਪਰਿਵਾਰ ਕਾਫੀ ਵੱਡਾ ਸੀ। ਉਹ ਚਾਰ ਭਰਾ ਤੇ ਪੰਜ ਭੈਣਾਂ ਸਨ। ਕਸ਼ਮੀਰ ਸਭ ਤੋਂ ਛੋਟਾ ਸੀ। ਉਸਦੇ ਦੋਵੇਂ ਵੱਡੇ ਭਰਾ ਗੋਪਾਲ ਸਿੰਘ ਤੇ ਸਵਰਨ ਸਿੰਘ ਪਿੰਡ ਹੀ ਰਹਿੰਦੇ ਸਨ। ਤੇ ਤੀਸਰਾ ਭਰਾ ਕਿਸੇ ਦੂਸਰੇ ਮੁਲਖ ਵਿੱਚ ਕੰਮ ਕਰਦਾ ਸੀ। ਸਭ ਵਿੱਚ ਖੂਬ ਪ੍ਰੇਮ ਪਿਆਰ ਸੀ। ਔਰਤਾਂ ਵਿੱਚ ਮਾੜੀ ਮੋਟੀ ਨੋਕ ਝੋਕ ਹੁੰਦੀ ਰਹਿੰਦੀ ਸੀ ਪਰ ਚਾਰੇ ਭਰਾ ਆਪਸ ਵਿੱਚ ਕਿਸੇ ਨਾਲ ਵੀ ਮਾੜਾ ਵਰਤਾਰਾ ਨਹੀਂ ਸਨ ਕਰਦੇ। ਗੋਪਾਲ ਤੇ ਸਵਰਨ ਦੋਨੋ ਅੱਡ-ਅੱਡ ਰਹਿੰਦੇ ਸਨ ਤੇ ਕਸ਼ਮੀਰ ਤੇ ਪਿਆਰਾ ਇਕੱਠੇ ਸਨ। ਰੋਟੀ ਖਾਣ ਪਿੱਛੋਂ ਕਸ਼ਮੀਰ ਗੋਪਾਲ ਦੇ ਕੋਲ ਬੈਠ ਗਿਆ ਤੇ ਆਪਸ ਵਿੱਚ ਦੁੱਖ ਸਾਂਝਾ ਕੀਤਾ। ਫਿਰ ਕਸ਼ਮੀਰ ਨੇ ਗੋਪਾਲ ਨੂੰ ਪੁੱਛਿਆ...

ਕਸ਼ਮੀਰ - ਭਾਅ ਕੀ ਗੱਲ ਹੋਈ ਤਾਰੀ ਭੈਣ ਨੂੰ, ਕਿਵੇਂ ਹੋਇਆ ਇਹ ਸਭ, ਤੇ ਚਾਚਾ ਕਿਵੇਂ ਬਿਮਾਰ ਹੋ ਗਿਆ?

ਕਸ਼ਮੀਰ ਆਪਣੇ ਬਾਪੂ ਨੂੰ ਚਾਚਾ ਆਖ ਕੇ ਬਲਾਉਂਦਾ ਸੀ। ਕਿਉਂਕਿ ਬਚਪਨ ਵਿੱਚ ਉਸਦੇ ਤਾਏ ਦੇ ਬੱਚੇ ਕਸ਼ਮੀਰ ਦੇ ਬਾਪੂ ਨੂੰ ਚਾਚਾ ਕਹਿੰਦੇ ਸਨ ਇਸੇ ਲਈ ਕਸ਼ਮੀਰ ਵੀ ਉਹਨਾਂ ਦੀ ਰੀਸ ਨਾਲ ਆਪਣੇ ਬਾਪੂ ਨੂੰ ਚਾਚਾ ਕਹਿੰਦਾ ਸੀ। ਗੋਪਾਲ ਨੇ ਦੱਸਣਾ ਸ਼ੁਰੂ ਕੀਤਾ।

ਗੋਪਾਲ - ਵੀਹ ਕੁ ਦਿਨ ਪਹਿਲਾ ਦੀ ਗੱਲ ਹੈ ਕਿ ਬਾਪੂ ਘਰੋਂ ਪੱਠੇ ਲੈਣ ਗਿਆ ਸੀ। ਉਹ ਆਪਣੇ ਕਾਲੂ ਸ਼ਾਹ ਹੁਣੀ ਆ ਨਾ!

ਕਸ਼ਮੀਰ - ਹਾਂਜੀ

ਗੋਪਾਲ - ਉਹਨਾਂ ਦੀ ਬੰਬੀ ਦੇ ਕੋਲ ਪੱਠਿਆਂ ਦਾ ਟੱਕ ਸੀ। ਉੱਥੇ ਹੀ ਦੋ ਕੁ ਕਿੱਲੇ ਠੇਕੇ ਤੇ ਲਏ ਨੇ। ਬਾਪੂ ਪੱਠੇ ਵੱਢ ਕੇ ਪੰਡ ਚੁੱਕ ਕੇ ਪੈਲੀ ਵਿੱਚੋਂ ਨਿਕਲਿਆ ਤੇ ਜਦੋਂ ਗੇਜੇ ਕੀ ਬੰਬੀ ਦੇ ਕੋਲ ਆਇਆ ਤਾਂ ਪਤਾ ਨਹੀਂ ਕੀ ਹੋਇਆ ਅਚਾਨਕ ਨਾਲ ਲੱਗਦੇ ਕਮਾਦ ਵਿੱਚ ਡਿੱਗ ਪਿਆ। ਹੁਣ ਪਤਾ ਨਹੀਂ ਬੁੱਲ੍ਹਾ ਪਿਆ ਕਿ ਕੀ ਹੋਇਆ! ਇਹ ਤਾਂ ਰੱਬ ਹੀ ਜਾਣਦਾ ਆ।

ਕਸ਼ਮੀਰ - ਤੇ ਤੁਹਾਨੂੰ ਕਿੱਦਾਂ ਪਤਾ ਲੱਗਾ ਬਾਪੂ ਬਾਰੇ, ਤੇ ਬਾਪੂ ਨੂੰ ਘਰ ਕੌਣ ਲੈ ਕੇ ਆਇਆ?

ਗੋਪਾਲ - ਉੱਥੇ ਨਾਲ ਹੀ ਨੇੜਲੇ ਖੇਤ ਵਿੱਚ ਆਪਣਾ ਗਵਾਂਢੀ ਰੂੜ ਸਿੰਘ ਕੰਮ ਕਰ ਰਿਹਾ ਸੀ। ਉਸ ਦੀ ਨਜ਼ਰ ਬਾਪੂ ਤੇ ਸੀ। ਉਸ ਨੇ ਦੇਖਿਆ ਕੇ ਨਿਹੰਗ ਹੁਣੇ ਤਾਂ ਪੱਠੇ ਚੁੱਕੀ ਤੁਰਿਆ ਜਾਣਦਾ ਸੀ। ਅਚਾਨਕ ਕਿੱਧਰ ਚਲਾ ਗਿਆ।

(ਕਸ਼ਮੀਰ ਦੇ ਬਾਪੂ ਨੂੰ ਪਿੰਡ ਦੇ ਜਿਆਦਾਤਰ ਲੋਕ ਨਿਹੰਗ ਆਖਦੇ ਸਨ ਕਿਉਂਕਿ ਉਹ ਸ਼ੋਂਕ ਨਾਲ ਨਿਹੰਗਾਂ ਵਾਲਾ ਬਾਣਾ ਪਾ ਕੇ ਰੱਖਦਾ ਸੀ। ਉਂਝ ਉਸਦਾ ਅਸਲੀ ਨਾਮ ਤਾਂ ਚੰਨਣ ਸਿੰਘ ਸੀ ਤੇ ਕਸ਼ਮੀਰ ਦੀ ਮਾਂ ਦਾ ਨਾਮ ਗੁਰੋ ਕੌਰ ਸੀ।)

ਕਸ਼ਮੀਰ - ਹਾਂਜੀ ਫਿਰ?

ਗੋਪਾਲ - ਫਿਰ ਰੂੜ ਸਿੰਘ ਨੇ ਓਥੋਂ ਅੱਗੇ ਜਾ ਕੇ ਏਧਰ-ਓਧਰ ਦੇਖਿਆ ਤਾਂ ਬਾਪੂ ਕਮਾਦ ਵਿੱਚ ਡਿੱਗਾ ਪਿਆ ਸੀ ਤੇ ਕੋਲ ਹੀ ਪੱਠਿਆਂ ਦੀ ਪੰਡ ਵੀ ਪਈ ਸੀ। ਪਰ ਰੂੜ ਸਿੰਘ ਤਾਂ ਆਪ ਬੁਜਰਗ ਹੈ ਉਸ ਤੋਂ ਤਾਂ ਬਾਪੂ ਨੂੰ ਚੁੱਕਿਆ ਨਹੀਂ ਸੀ ਜਾਣਾ ਇਸ ਲਈ ਉਹ ਭੱਜ ਕੇ ਬਾਹਰ ਆਇਆ। ਚੰਗੇ ਵੇਲੇ ਉਸ ਨੂੰ ਗੇਜਾ ਤੇ ਉਸਦਾ ਬਾਪੂ ਨਜ਼ਰ ਆ ਗਏ। ਉਸਨੇ ਦੋਨਾਂ ਨੂੰ ਆਵਾਜ਼ ਮਾਰੀ ਤੇ

ਬਾਪੂ ਦੇ ਡਿੱਗਣ ਬਾਰੇ ਦੱਸਿਆ। ਫਿਰ ਉਹ ਦੋਵੇਂ ਪਿਓ ਪੁੱਤ ਬਾਪੂ ਨੂੰ ਆਪਣੇ ਰੇੜੇ ਤੇ ਪਾ ਕੇ ਘਰੇ ਛੱਡ ਕੇ ਗਏ। ਮੈਂ ਤਾਂ ਘਰੇ ਨਹੀਂ ਸੀ, ਤੇਰੀ ਭਾਬੀ ਰਾਣੀ ਭੱਜ ਕੇ ਆਪਣੇ ਕੰਤੇ ਨੂੰ ਆਵਾਜ਼ ਮਾਰ ਕੇ ਲਿਆਈ।

(ਕੰਤਾ ਗੋਪਾਲ ਸਿੰਘ ਦਾ ਮੁੰਡਾ ਸੀ ਜੋ ਕਿ ਇੱਕ ਬਹੁਤ ਵਧੀਆ ਡਾਕਟਰ ਸੀ। ਜਿਸਦਾ ਪੂਰਾ ਨਾਮ ਕੁਲਵੰਤ ਸਿੰਘ ਸੀ। ਉਸ ਦੀ ਡਾਕਟਰੀ ਦੂਰ ਦੁਰਾਡੇ ਪਿੰਡ ਤੱਕ ਮਸ਼ਹੂਰ ਸੀ।)

ਗੋਪਾਲ - ਫਿਰ ਕੰਤੇ ਨੇ ਆ ਕੇ ਬਾਪੂ ਨੂੰ ਦੇਖਿਆ। ਟੀਕੇ-ਟੂਕੇ ਲਾਏ ਪਰ ਕੋਈ ਫਰਕ ਨਾ ਪਿਆ। ਫਿਰ ਕੰਤੇ ਨੇ ਕਿਹਾ ਕਿ ਬਾਪੂ ਨੂੰ ਤਾਂ ਹਵਾ ਪੈ ਗਈ ਹੈ ਹੁਣ ਇਸ ਨੂੰ ਹਸਪਤਾਲ ਖੜਨਾ ਪੈਣਾ। ਐਨੇ ਨੂੰ ਮੈਂ ਵੀ ਘਰੇ ਆ ਗਿਆ। ਫਿਰ ਅਸੀਂ ਇੱਕ ਗੱਡੀ ਮੰਗਵਾਈ ਤੇ ਬਾਪੂ ਨੂੰ ਬਿਆਸ ਵਾਲੇ ਹਸਪਤਾਲ ਲੈ ਗਏ। ਉੱਥੇ ਉਹਨਾਂ ਨੇ ਦਾਖਿਲ ਕਰ ਲਿਆ ਤੇ ਇਲਾਜ਼ ਸ਼ੁਰੂ ਕਰ ਦਿੱਤਾ।

ਫਿਰ ਕੁਝ ਦਿਨ ਲੰਘ ਗਏ। ਸਾਰੇ ਰਿਸ਼ਤੇਦਾਰ ਬਾਪੂ ਦਾ ਪਤਾ ਲੈਣ ਆਉਂਦੇ ਰਹੇ। ਇੱਕ ਨਾ ਇੱਕ ਬੰਦਾ ਬਾਪੂ ਨਾਲ ਰੋਜ ਰਹਿੰਦਾ ਸੀ। ਫਿਰ ਇੱਕ ਦਿਨ ਤਾਰੀ ਨੇ  ਆਪਣੇ ਘਰੋਂ ਰੋਟੀ ਬਣਾ ਕੇ ਲਿਆਈ। ਮੈਂ ਬਾਪੂ ਤੇ ਤੇਰੀ ਭਾਬੀ ਨੇ ਰੋਟੀ ਪਾਣੀ ਛਕਿਆ। ਤਾਰੀ ਦੇ ਨਾਲ ਮੁਖਤਾਰ(ਤਾਰੀ ਦਾ ਘਰਵਾਲਾ) ਵੀ ਆਇਆ ਸੀ। ਓਸੇ ਦਿਨ ਹੀ ਡਾਕਟਰ ਨੇ ਬਾਪੂ ਵੱਲੋਂ ਜੁਆਬ ਦੇ ਦਿੱਤਾ ਕਿ ਹੁਣ ਬਾਪੂ ਦਾ ਇਲਾਜ਼ ਨਹੀਂ ਹੋ ਸਕਦਾ ਕਿਉਂਕਿ ਬਾਪੂ ਦਾ ਇੱਕ ਪਾਸਾ ਮਰ ਗਿਆ ਸੀ। ਡਾਕਟਰ ਨੇ ਕਿਹਾ ਹੁਣ ਤਾਂ ਬਸ ਸੇਵਾ ਹੈ ਕਰ ਲਵੋ। ਸਾਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ। ਡਾਕਟਰ ਨੇ ਕਿਹਾ ਕੇ ਕੱਲ ਨੂੰ ਤੁਸੀਂ ਬਾਪੂ ਨੂੰ ਘਰੇ ਲੈ ਜਾਇਓ। ਫਿਰ ਅਸੀਂ ਹਸਪਤਾਲ ਤੋਂ ਬਾਹਰ ਆ ਕੇ ਬੈਠ ਗਏ। ਫਿਰ ਤਾਰੀ ਕਹਿੰਦੀ ਕਿ ਭਾਅ ਚਾਹ ਪੀ ਲੈਂਦੇ ਆ ਸਵੇਰ ਦੀ ਚਾਹ ਪੀਤੀ ਆ। ਅਸੀਂ ਤਾਂ ਮਨ੍ਹਾ ਕਰ ਦਿੱਤਾ। ਪਰ ਤੈਨੂੰ ਪਤਾ ਤਾਂ ਹੈ ਤਾਰੀ ਦਾ ਉਹ ਫਿਰ ਸੜਕ ਦੇ ਦੂਜੇ ਪਾਸੇ ਬਾਜ਼ਾਰ ਵੱਲ ਚੱਲੀ ਸੀ। ਉਸ ਨੇ ਸੜਕ ਨੂੰ ਇੱਕ ਪਾਸੇ ਤਾਂ ਦੇਖਿਆ ਪਰ ਦੂਜੇ ਪਾਸੇ ਨਾ ਦੇਖਿਆ। ਅਚਾਨਕ ਇੱਕ ਵੈਨ ਆਈ ਜੋ ਕੇ ਬਹੁਤ ਹੀ ਜਿਆਦਾ ਤੇਜ ਸੀ। ਸਿੱਧੀ ਹੀ ਤਾਰੀ ਵਿੱਚ ਵੱਜੀ ਤੇ ਤਾਰੀ ਨੂੰ ਚੁੱਕ ਕੇ ਦੂਰ ਜਾ ਸੁੱਟਿਆ। ਤਾਰੀ ਉੱਥੇ ਡਿੱਗਦੇ ਸਾਰ ਹੀ ਖਤਮ ਹੋ ਗਈ।

ਕਸ਼ਮੀਰ - ਤੇ ਵੈਨ ਵਾਲੇ ਨੂੰ ਨਹੀਂ ਕੁਝ ਹੋਇਆ?

ਗੋਪਾਲ - ਉਸਨੂੰ ਕੀ ਹੋਣਾ ਸੀ। ਉਸ ਨੇ ਵੈਨ ਨਾ ਰੋਕੀ ਤੇ ਪਤਾ ਹੀ ਨਾ ਲੱਗਾ ਕਿੱਧਰ ਨਿਕਲ ਗਿਆ। ਇਹ ਸਭ ਸਾਡੀਆਂ ਅੱਖਾਂ ਸਾਹਮਣੇ ਹੋਇਆ। ਸਾਨੂੰ ਤਾਂ ਕਿੰਨੀ ਹੀ ਦੇਰ ਤੱਕ ਯਕੀਨ ਹੀ ਨਾ ਹੋਇਆ ਕਿ ਤਾਰੀ ਨਹੀਂ ਰਹੀ। ਅਸੀਂ ਤਾਂ ਪਹਿਲਾ ਹੀ ਬਾਪੂ ਦੇ ਇਲਾਜ਼ ਨਾ ਹੋਣ ਦੀ ਖਬਰ ਸੁਣ ਕੇ ਦੁਖੀ ਸਾਂ। ਪਰ ਤਾਰੀ ਦੇ ਦੁੱਖ ਨੇ ਸਾਨੂੰ ਕਾਹੇ ਜੋਗਾ ਨਹੀਂ ਛੱਡਿਆ। ਫਿਰ ਤਾਰੀ ਦਾ ਮੁਲਾਜ਼ਾ ਹੋਣ ਬਾਅਦ ਲਾਸ਼ ਸਾਨੂੰ ਮਿਲੀ ਤੇ ਫਿਰ ਅਗਲੇ ਦਿਨ ਸੰਸਕਾਰ ਕੀਤਾ। ਫਿਰ ਅਗਲੇ ਦਿਨ ਅਸੀਂ ਬਾਪੂ ਨੂੰ ਵੀ ਘਰੇ ਲੈ ਆਏ। ਓਦਣ ਹੀ ਫੋਨ ਕਰ ਮੈਂ ਤੈਨੂੰ ਘਰੇ ਬੁਲਾਇਆ।

ਕਸ਼ਮੀਰ - ਭਾਅ ਇਹ ਤਾਂ ਧੱਕਾ ਹੋ ਗਿਆ।

ਗੋਪਾਲ - ਧੱਕਾ ਤਾਂ ਵਿਚਾਰੇ ਮੁਖਤਾਰ ਨਾਲ ਹੋਇਆ ਹੈ। ਉਸਦੇ ਨਿਆਣੇ ਤਾਂ ਅਜੇ ਨਿੱਕੇ ਨੇ। ਬਿਨ ਮਾਂ ਵੀ ਕਾਹਦੀ ਜ਼ਿੰਦਗੀ ਆ। ਓਦਾਂ ਤਾਂ ਬਾਵੀ ਉੱਥੇ ਹੀ ਆ ਉਹ ਉਹਨਾਂ ਨੂੰ ਮਾਂ ਦੀ ਕਮੀ ਮਹਿਸੂਸ ਨਹੀਂ ਹੋਣ ਦੇਵੇਗੀ।

(ਬਾਵੀ ਕਸ਼ਮੀਰ ਦੀ ਵੱਡੀ ਭੈਣ ਸੀ ਜੋ ਕਿ ਮੁਖਤਾਰ ਦੇ ਵੱਡੇ ਭਰਾ ਨਾਲ ਵਿਆਹੀ ਹੋਈ ਸੀ। ਦੋਵੇਂ ਭੈਣਾਂ ਇੱਕ ਹੀ ਘਰ ਸਨ।)

ਕਸ਼ਮੀਰ - ਹਾਂ ਭਾਅ ਬਾਵੀ ਭੈਣ ਤਾਂ ਹੈ ਉੱਥੇ। ਤਾਰੀ ਤੇ ਬਾਵੀ ਵਿੱਚ ਕਿਹੜਾ ਕੋਈ ਫਰਕ ਆ।

ਗੋਪਾਲ - ਹਾਂ।

ਕਸ਼ਮੀਰ - ਭਾਅ ਚਾਚੇ ਨੂੰ ਕਿਸੇ ਹੋਰ ਹਸਪਤਾਲ ਲੈ ਕੇ ਜਾਈਏ ਭਲਾ।

ਗੋਪਾਲ - ਕਸ਼ਮੀਰ ਕੋਈ ਫਾਇਦਾ ਨਹੀਂ ਆ। ਡਾਕਟਰ ਨੂੰ ਪੁੱਛਿਆ ਸੀ ਮੈਂ ਕਿ ਚੰਡੀਗੜ੍ਹ ਜਾਂ ਅੰਮ੍ਰਿਤਸਰ ਕਿਸੇ ਹਸਪਤਾਲ ਲੈ ਜਾਈਏ। ਤਾਂ ਉਹਨਾਂ ਕਿਹਾ ਕਿ ਅਗਰ ਠੀਕ ਹੋਣਾ ਹੁੰਦਾ ਤਾਂ ਐਥੇ ਹੋ ਜਾਣਾ ਸੀ। ਕਿਤੇ ਵੀ ਜਾਣ ਦਾ ਕੋਈ ਫਾਇਦਾ ਨਹੀਂ। ਬਾਕੀ ਤੁਹਾਡੀ ਮਰਜੀ ਹੈ। ਸਭ ਤੋਂ ਵਧੀਆ ਗੱਲ ਇਹੀ ਹੈ ਕਿ ਘਰ ਲਿਜਾ ਕੇ ਬਾਪੂ ਦੀ ਮਾਲਿਸ਼ ਕਰੋ ਚੰਗਾ ਖਾਣ ਪੀਣ ਨੂੰ ਦੇਵੋ ਹੋ ਸਕਦਾ ਕੁਝ ਫਰਕ ਪੈ ਜਾਵੇ। ਪਰ ਬਹੁਤ ਮੁਸ਼ਕਿਲ ਹੈ ਬਸ ਸੇਵਾ ਕਰੋ।

ਕਸ਼ਮੀਰ - ਚਲੋ ਕੋਈ ਨਾ ਦੇਖਦੇ ਆ।

ਗੋਪਾਲ - ਚੰਗਾ ਕਸ਼ਮੀਰ ਮੈਂ ਘਰੇ ਚਲਦਾ ਹਾਂ। ਘਰੇ ਕੋਈ ਨਹੀਂ ਆ। ਸਾਰੇ ਤਾਂ ਐਥੇ ਆ।

ਕਸ਼ਮੀਰ - ਚੰਗਾ ਭਾਅ।

ਇਹ ਸਭ ਗੱਲਾਂ ਹੋਣ ਦੇ ਬਾਅਦ ਗੋਪਾਲ ਘਰੇ ਚਲਾ ਗਿਆ ਤੇ ਕਸ਼ਮੀਰ ਵੀ ਵੇਹੜੇ ਵਿੱਚ ਹੀ ਮੰਝਾ ਡਾਹ ਕੇ ਪੈ ਗਿਆ। ਪਰ ਉਹ ਸਾਰੀ ਰਾਤ ਆਪਣੀ ਭੈਣ ਤਾਰੀ ਬਾਰੇ ਸੋਚਦਾ ਰਿਹਾ।

ਅਗਲੀ ਸਵੇਰ ਕਸ਼ਮੀਰ ਉੱਠਿਆ ਘਰ ਦੇ ਕੰਮ ਕੀਤੇ ਤੇ ਫਿਰ ਆਪਣੀ ਘਰਵਾਲੀ(ਕਰਮਜੀਤ ਕੌਰ) ਦੀ ਮੱਦਦ ਨਾਲ ਬਾਪੂ ਨੂੰ ਨਲਕੇ ਕੋਲ ਲੈ ਗਿਆ। ਗਰਮੀ ਦੇ ਦਿਨ ਹੋਣ ਕਰਕੇ ਕਸ਼ਮੀਰ ਤੇ ਕਰਮਜੀਤ ਨੇ ਬਾਪੂ ਨੂੰ ਨਿਵਾਇਆ ਤੇ ਫਿਰ ਕਮਰੇ ਅੰਦਰ ਲੈ ਗਏ। ਕਸ਼ਮੀਰ ਦੇ ਦੋ ਮੁੰਡੇ ਸਨ। ਤੇ ਪਿਆਰੇ ਦਾ ਇੱਕ ਮੁੰਡਾ ਤੇ ਦੋ ਕੁੜੀਆਂ।

ਰੀਤੀ ਰਿਵਾਜ਼ਾਂ ਅਨੁਸਾਰ ਤਾਰੀ ਦੇ ਬਾਕੀ ਕੰਮ ਵੀ ਹੋ ਗਏ। ਤੇ ਕਸ਼ਮੀਰ ਜੋ ਕਿ ਇੱਕ ਮਹੀਨੇ ਦੀ ਛੁੱਟੀ ਲੈ ਕੇ ਆਇਆ ਸੀ ਆਪਣੇ ਬਾਪੂ ਦੇ ਬਿਮਾਰ ਹੋਣ ਕਰਕੇ ਵਾਪਿਸ ਕੰਮ ਤੇ ਨਾ ਜਾ ਸਕਿਆ। ਐਦਾਂ ਹੀ ਕਰੀਬ ਦੋ ਮਹੀਨੇ ਨਿਕਲ ਗਏ। ਪਿੰਡ ਵਿੱਚੋਂ ਕੋਈ ਨਾ ਕੋਈ ਰੋਜ ਬਾਪੂ ਦਾ ਹਾਲ ਚਾਲ ਪੁੱਛਣ ਨੂੰ ਆਉਂਦਾ ਰਹਿੰਦਾ ਸੀ। ਇੱਕ ਦਿਨ ਕਸ਼ਮੀਰ ਦੇ ਭਤੀਜੇ ਕੁਲਵੰਤ ਨੇ ਕਸ਼ਮੀਰ ਨੂੰ ਕਿਹਾ ਕੇ ਉਸਦਾ ਕੋਈ ਯਾਰ ਹੈ ਜੋ ਕਿ ਇੱਕ ਚੰਗੇ ਵੈਦ ਨੂੰ ਜਾਣਦਾ ਹੈ। ਜਿਸ ਕੋਲ ਹਰ ਬਿਮਾਰੀ ਦਾ ਤੋੜ ਹੈ ਕਿਉਂ ਨਾ ਆਪਾ ਉਸ ਕੋਲ ਚੱਲੀਏ। ਕਸ਼ਮੀਰ ਨੇ ਜਾਣ ਲਈ ਹਾਂ ਕਰ ਦਿੱਤੀ। ਕਿਉਂਕਿ ਕਸ਼ਮੀਰ ਆਪਣੇ ਬਾਪੂ ਦੇ ਇਲਾਜ਼ ਲਈ ਕੁਝ ਵੀ ਕਰਨ ਲਈ ਤਿਆਰ ਸੀ। ਫਿਰ ਕਸ਼ਮੀਰ ਕੁਲਵੰਤ ਨਾਲ ਉਸਦੇ ਯਾਰ ਨੂੰ ਨਾਲ ਲੈ ਕੇ ਵੈਦ ਕੋਲ ਚਲੇ ਗਏ। ਵੈਦ ਨੇ ਬਿਨਾ ਕੋਈ ਪੈਸੇ ਲਿਆ ਕਸ਼ਮੀਰ ਨੂੰ ਇੱਕ ਤੇਲ ਦਿੱਤਾ ਤੇ ਆਪਣੇ ਬਾਪੂ ਦੀ ਮਾਲਿਸ਼ ਕਰਨ ਨੂੰ ਕਿਹਾ। ਕਸ਼ਮੀਰ ਤੇਲ ਲੈ ਕੇ ਘਰੇ ਵਾਪਿਸ ਆ ਗਿਆ।

ਫਿਰ ਕਸ਼ਮੀਰ ਰੋਜ ਹੀ ਆਪਣੀ ਘਰਵਾਲੀ ਨਾਲ ਪਹਿਲਾ ਬਾਪੂ ਨੂੰ ਇਸ਼ਨਾਨ ਕਰਾਉਂਦੇ ਤੇ ਫਿਰ ਦੋਵੇਂ ਜਾਣੇ ਬਾਪੂ ਦੇ ਸਾਰੇ ਸਰੀਰ ਦੀ ਖੂਬ ਮਾਲਿਸ਼ ਕਰਦੇ। ਕਸ਼ਮੀਰ ਤੇ ਉਸਦੀ ਘਰਵਾਲੀ ਹਮੇਸ਼ਾ ਹੀ ਆਪਣੇ ਬਾਪੂ ਦੀ ਸੇਵਾ ਵਿੱਚ ਲੱਗੇ ਰਹਿੰਦੇ ਤੇ ਕਸ਼ਮੀਰ ਦੀ ਭਾਭੀ ਰਾਣੀ ਘਰ ਦਾ ਬਾਕੀ ਕੰਮ ਕਾਰ ਦੇਖਦੀ। ਬੱਚਿਆਂ ਦਾ ਧਿਆਨ ਰਾਣੀ ਤੇ ਉਸਦੀ ਮਾਂ ਰੱਖਦੇ ਸਨ। ਚੁੱਲੇ-ਚੌਂਕੇ ਦਾ ਕੰਮ ਵੀ ਰਾਣੀ ਹੀ ਕਰਦੀ ਸੀ। ਪਰ ਗੋਹੇ ਕੂੜੇ ਦਾ ਕੰਮ ਕਰਮਜੀਤ ਹੀ ਦੇਖਦੀ ਸੀ। ਐਦਾਂ ਹੀ ਕਾਫੀ ਸਮਾਂ ਨਿਕਲ ਗਿਆ ਪਰ ਬਾਪੂ ਦੀ ਸੇਹਤ ਨੂੰ ਕੋਈ ਫਰਕ ਨਾ ਪਿਆ। ਕਸ਼ਮੀਰ ਦਾ ਵੱਡਾ ਭਰਾ ਗੋਪਾਲ ਰੋਜ ਹੀ ਘਰੇ ਆਉਂਦਾ ਸੀ ਤੇ ਬਾਪੂ ਦੇ ਕੋਲ ਆ ਕੇ ਬੈਠਦਾ ਸੀ ਤੇ ਦੁੱਖ ਸੁੱਖ ਸਾਂਝਾ ਕਰਦਾ ਸੀ ਪਰ ਕਸ਼ਮੀਰ ਦਾ ਦੂਸਰਾ ਭਰਾ ਸਵਰਨ ਕਿਤੇ ਹੀ ਮਹੀਨੇ ਵਿੱਚ ਇੱਕ ਅੱਧੀ ਵਾਰ ਭੁੱਲ-ਭੁਲੇਖੇ ਨਾਲ ਆਉਂਦਾ ਸੀ।

ਐਦਾਂ ਹੀ ਕਰੀਬ ਇੱਕ ਸਾਲ ਤੋਂ ਜਿਆਦਾ ਸਮਾਂ ਨਿਕਲ ਗਿਆ। ਕਸ਼ਮੀਰ ਨੇ ਹਰ ਇੱਕ ਨਾ ਮੁਮਕਿਨ ਕੋਸ਼ਿਸ਼ ਕੀਤੀ ਬਾਪੂ ਨੂੰ ਠੀਕ ਕਰਨ ਦੀ ਪਰ ਅਫਸੋਸ ਫਰਕ ਪੈਣ ਦੀ ਬਿਜਾਏ ਸੇਹਤ ਹੋਰ ਖਰਾਬ ਹੋ ਗਈ। ਫਿਰ ਹੋਲੀ-ਹੋਲੀ ਬਾਪੂ ਨੇ ਰੋਟੀ ਖਾਣੀ ਵੀ ਬੰਦ ਕਰ ਦਿੱਤੀ। ਬਸ ਦੁੱਧ ਵਗੈਰਾ ਹੀ ਪੀਂਦੇ ਰਹੇ। ਫਿਰ ਹੋਲੀ-ਹੋਲੀ ਬਾਪੂ ਦਾ ਮੱਲ-ਮੂਤਰ ਵੀ ਬੰਦ ਹੋ ਗਿਆ। ਇਹ ਕੁਝ ਨਾ ਖਾਣ ਪੀਣ ਦੇ ਕਾਰਨ ਹੋਇਆ।

ਕਸ਼ਮੀਰ ਲਈ  ਬਾਪੂ ਨੂੰ ਸਾਂਭਣਾ ਹੋਰ ਮੁਸ਼ਕਿਲ ਹੋਈ ਜਾ ਰਿਹਾ ਸੀ। ਪਰ ਉਸਨੇ ਹਾਰ ਨਾ ਮੰਨੀ। ਪਹਿਲਾਂ ਤਾਂ ਬਸ ਬਾਪੂ ਨੂੰ ਇਸ਼ਨਾਨ ਕਰਾਉਣਾ, ਜਲ ਪਾਣੀ ਛਕਾਉਣਾ, ਮਾਲਿਸ਼ ਕਰਨ ਦਾ ਹੀ ਕੰਮ ਹੁੰਦਾ ਸੀ ਪਰ ਹੁਣ ਮਲ ਨਾ ਆਉਣ ਕਰਕੇ ਸੇਹਤ ਵਿੱਚ ਜਿਆਦਾ ਵਿਗਾੜ ਪੈਣ ਲੱਗ ਪਿਆ। ਡਾਕਟਰ ਨੇ ਸਲਾਹ ਦਿੱਤੀ ਕਿ ਹੁਣ ਤਾਂ ਬੱਸ ਇੱਕ ਹੀ ਹੱਲ ਹੈ ਕਿ ਬਾਪੂ ਦਾ ਮਲ ਤੁਹਾਨੂੰ ਖੁੱਦ ਆਪਣੇ ਹੱਥਾਂ ਨਾਲ ਕੱਢਣਾ ਪਵੇਗਾ ਨਹੀਂ ਤਾਂ ਕੰਮ ਜਿਆਦਾ ਮੁਸ਼ਕਿਲ ਹੋ ਜਾਵੇਗਾ। ਕਸ਼ਮੀਰ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ ਕਿਉਂਕਿ ਬਾਪੂ ਨੇ ਖਾਣਾ ਪੀਣਾ ਬੰਦ ਕਰ ਦਿੱਤਾ। ਫਿਰ ਕਸ਼ਮੀਰ ਨੇ ਆਪਣੇ ਭਤੀਜੇ ਕੁਲਵੰਤ ਕੋਲੋਂ ਹੱਥਾਂ ਤੇ ਪਾਉਣ ਵਾਲੇ ਕਿੰਨੇ ਸਾਰੇ ਰਬੜ ਦੇ ਦਸਤਾਨੇ ਮੰਗਵਾ ਲਏ।

ਹੁਣ ਕਸ਼ਮੀਰ ਸਭ ਤੋਂ ਪਹਿਲਾਂ ਰੋਜ ਤੜਕੇ ਉੱਠ ਕੇ ਆਪਣੀ ਪਤਨੀ ਨਾਲ ਬਾਪੂ ਦੇ ਕੱਪੜੇ ਉਤਾਰਦੇ ਤੇ ਫਿਰ ਇੱਕ ਕੁਰਸੀ ਤੇ ਬਿਠਾ ਕੇ ਕਸ਼ਮੀਰ ਦਸਤਾਨੇ ਪਾ ਕੇ ਆਪਣੇ ਹੱਥਾਂ ਨਾਲ ਬਾਪੂ ਦਾ ਮਲ ਬਾਹਰ ਕੱਢਦਾ। ਫਿਰ ਬਾਪੂ ਨੂੰ ਇਸ਼ਨਾਨ ਕਰਵਾ ਕੇ ਤਿਆਰ ਕਰਦੇ। ਫਿਰ ਜੋ ਹੁੰਦਾ ਬਾਪੂ ਨੂੰ ਦੁੱਧ, ਦਹੀਂ, ਖਿਚੜੀ ਬਣਾ ਕੇ ਚੁੱਮਚਿਆਂ ਨਾਲ ਖਵਾਉਂਦੇ। ਐਦਾਂ ਹੀ ਕਰੀਬ ਇੱਕ

ਮਹੀਨੇ ਤੋਂ ਵੱਧ ਸਮਾਂ ਹੋ ਗਿਆ। ਬਾਪੂ ਤੇ ਜੋ ਵੀ ਖਰਚਾ ਲੱਗਦਾ ਸੀ ਉਹ ਕਸ਼ਮੀਰ ਦਾ ਵੱਡਾ ਭਰਾ ਜੋ ਦੂਸਰੇ ਮੁਲਖ਼ ਗਿਆ ਸੀ ਉਹ ਭੇਜਦਾ ਸੀ। ਕਸ਼ਮੀਰ ਤਾਂ ਬਸ ਬਾਪੂ ਦੀ ਸੇਵਾ ਵਿੱਚ ਲੱਗਾ ਰਹਿੰਦਾ ਸੀ।

ਫਿਰ ਇੱਕ ਦਿਨ ਤੜਕੇ ਜਦੋਂ ਬਾਪੂ ਨੂੰ ਇਸ਼ਨਾਨ ਕਰਵਾਉਣ ਲੱਗੇ ਤਾਂ ਕਰਮਜੀਤ ਨੇ ਦੇਖਿਆ ਕਿ ਬਾਪੂ ਜੀ ਤਾਂ ਅਕਾਲ ਚਲਾਣਾ ਕਰ ਗਏ ਨੇ। ਕਸ਼ਮੀਰ ਭੱਜ ਕੇ ਬਾਪੂ ਦੇ ਕੋਲ ਆਇਆ ਤੇ ਉੱਚੀ-ਉੱਚੀ ਧਾਹਾਂ ਮਾਰ ਕੇ ਰੋਣ ਲੱਗ ਪਿਆ। ਕਿਉਂਕਿ ਉਸਨੇ ਪਿੱਛੇ ਡੇਢ ਸਾਲ ਆਪਣੇ ਬਾਪੂ ਦੀ ਜੀਅ ਤੋੜ ਸੇਵਾ ਕੀਤੀ ਸੀ ਪਰ ਫਿਰ ਵੀ ਬਾਪੂ ਜੀ ਉਸਦਾ ਸਾਥ ਛੱਡ ਗਿਆ ਸੀ। ਐਦਾਂ ਹੀ ਬਾਪੂ ਦੇ ਮਰਨ ਦੀ ਖ਼ਬਰ ਸਾਰਿਆਂ ਤੱਕ ਪੁੱਜ ਗਈ। ਹੋਲੀ ਹੋਲੀ ਮਕਾਣਾਂ ਨਾਲ ਘਰ ਭਰਨਾ ਸ਼ੁਰੂ ਹੋ ਗਿਆ। ਰਸਮਾਂ ਰਿਵਾਜ਼ ਹੋਣੇ ਸ਼ੁਰੂ ਹੋ ਗਏ। ਕਸ਼ਮੀਰ ਆਪਣੇ ਬਾਪੂ ਦੇ ਮਰਨ ਦਾ ਸਭ ਨਾਲੋਂ ਕੀਤੇ ਵੱਧ ਸੋਕ ਮਨਾ ਰਿਹਾ ਸੀ। ਉਹ ਪਰਿਵਾਰ ਤੇ ਕੁਝ ਪਿੰਡ ਦੇ ਬੰਦਿਆਂ ਦੀ ਮੱਦਦ ਨਾਲ ਆਈਆਂ ਹੋਈਆਂ ਮਕਾਣਾਂ ਲਈ ਲੰਗਰ ਦੇ ਇੰਤਜਾਮ ਵਿੱਚ ਲੱਗਾ ਸੀ। ਫਿਰ ਪਿੰਡ ਦੇ ਦੋ ਬੰਦੇ ਕਸ਼ਮੀਰ ਦੇ ਕੋਲ ਆਏ... ਉਹਨਾਂ ਨੇ ਕਸ਼ਮੀਰ ਨਾਲ ਬਾਪੂ ਦੇ ਗੁਜਰਣ ਦਾ ਅਫਸੋਸ ਕੀਤਾ। ਫਿਰ ਇੱਕ ਨੇ ਪੁੱਛਿਆ.. ਜਿਸਦਾ ਨਾਲ ਸੂਬਾ ਸਿੰਘ ਸੀ..

ਸੂਬਾ - ਕਸ਼ਮੀਰ ਹੁਣ ਅੱਗੇ ਕੀ ਸਲਾਹ ਹੈ?

ਕਸ਼ਮੀਰ ਨੂੰ ਉਹਨਾਂ ਦੀ ਗੱਲ ਨਾ ਸਮਝ ਆਈ।

ਕਸ਼ਮੀਰ - ਕਿਸਦੇ ਬਾਰੇ ਸਲਾਹ ਭਾਜੀ?

ਸੂਬਾ - ਬਾਪੂ ਦੇ ਸੰਸਕਾਰ ਬਾਰੇ ਤੇ ਅੱਗੇ ਦੇ ਪ੍ਰੋਗਰਾਮ ਬਾਰੇ, ਕੀ ਬਾਪੂ ਨੂੰ ਵੱਡਾ ਨਹੀਂ ਕਰਨਾ?

ਕਸ਼ਮੀਰ ਨੂੰ ਸਾਰੀ ਗੱਲ ਸਮਝ ਆ ਗਈ ਪਰ ਕਸ਼ਮੀਰ ਨੇ ਉਹਨਾਂ ਨੂੰ ਸਾਫ ਮਨ੍ਹਾ ਕਰ ਦਿੱਤਾ ਕਿ ਉਹ ਇਹੋ ਜਿਹੇ ਪਾਖੰਡ ਬਿਲਕੁਲ ਨਹੀਂ ਕਰੇਗਾ। ਕਿਉਂਕਿ ਉਸਦਾ ਪਿਓ ਮਰਿਆ ਹੈ ਤੇ ਉਸਨੂੰ ਹੀ ਪਤਾ ਹੈ ਉਸਨੇ ਕਿਵੇਂ ਉਸਨੂੰ ਸਾਂਭਿਆ ਹੈ? ਉਸ ਨੂੰ ਕੋਈ ਚਾਅ ਨਹੀਂ ਚੜ੍ਹਿਆ ਕਿ ਉਹ ਆਪਣੇ ਪਿਓ ਨੂੰ ਵੱਡਾ ਕਰਦਾ ਫਿਰੇ।

ਫਿਰ ਦੂਸਰੇ ਬੰਦੇ ਨੇ ਕਸ਼ਮੀਰ ਨੂੰ ਦਿਲਾਸਾ ਦਿੰਦੇ ਹੋਏ ਕਿਹਾ ਜੋ ਕੇ ਰਿਸਤੇ ਵਿੱਚ ਉਸਦੇ ਤਾਏ ਦਾ ਮੁੰਡਾ ਸੀ ਅਜੈਬ ਸਿੰਘ।

ਅਜੈਬ - ਕਸ਼ਮੀਰ ਗੱਲ ਤਾਂ ਤੇਰੀ ਸਹੀ ਆ ਪਰ ਤੁਸੀਂ ਭਰਾ ਸਲਾਹ ਕਰ ਲਵੋ ਇੱਕ ਵਾਰ। ਸਾਨੂੰ ਵੀ ਤੇਰੇ ਭਰਾ ਸਵਰਨ ਨੇ ਤੈਨੂੰ ਮਨਾਉਣ ਲਈ ਕਿਹਾ ਹੈ।

ਕਸ਼ਮੀਰ - ਕਿਸੇ ਨੇ ਵੀ ਕਿਹਾ ਹੋਵੇ ਭਾਵੇਂ ਪਰ ਮੈਂ ਨਹੀਂ ਇਸ ਗੱਲ ਲਈ ਰਾਜੀ।

ਅਜੈਬ - ਕਸ਼ਮੀਰ ਯਾਰ ਲੋਕਾਂ ਨੇ ਗੱਲਾਂ ਕਰਨੀਆਂ ਨੇ ਕੇ ਤੁਸੀਂ ਚਾਰ ਭਰਾ ਹੋ ਤੱਦ ਵੀ ਬਾਪੂ ਨੂੰ ਵੱਡਾ ਨਹੀਂ ਕੀਤਾ, ਨਾਲੇ ਚਾਚੇ ਦੀ ਤਾਂ ਉਮਰ ਵੀ ਕਾਫੀ ਹੋ ਗਈ ਸੀ, ਉਪਰੋਂ ਉਸਦੇ ਪੋਤੇ-ਪੜਪੋਤੇ ਵੀ ਨੇ। ਬਾਕੀ ਸੋਚ ਵਿਚਾਰ ਕਰ ਲਵੋ ਤੇ ਇੱਕ ਵਾਰ ਪਿਆਰੇ ਨੂੰ ਫੋਨ ਕਰ ਕੇ ਸਲਾਹ ਕਰ ਲੈ।

ਕਸ਼ਮੀਰ - ਭਾਅ ਪਿਆਰੇ ਨਾਲ ਮੇਰੀ ਗੱਲ ਹੋ ਗਈ ਆ। ਉਸ ਨੇ ਕਿਹਾ ਜਿਵੇਂ ਮੈਨੂੰ ਸਹੀ ਲੱਗਦਾ ਵਾ ਮੈਂ ਓਦਾਂ ਹੀ ਕਰਾ।

ਅਜੈਬ ਸਿੰਘ ਤੇ ਸੂਬਾ ਸਿੰਘ ਦੇ ਲੱਖ ਮਨਾਉਣ ਤੇ ਵੀ ਕਸ਼ਮੀਰ ਨਾ ਮੰਨਿਆ। ਫਿਰ ਸਵਰਨ ਸਿੰਘ ਆਪਣੇ ਵੱਡੇ ਭਰਾ ਗੋਪਾਲ ਕੋਲ ਗਿਆ ਤੇ ਕਿਹਾ......

ਸਵਰਨ - ਭਾਅ ਤੁਸੀਂ ਮਨਾਓ ਹਾਂ ਕਸ਼ਮੀਰ ਨੂੰ ਕਿ ਬਾਪੂ ਨੂੰ ਵੱਡਾ ਕਰੀਏ। ਉਹ ਤਾਂ ਕਿਸੇ ਦੀ ਨਹੀਂ ਮੰਨ ਰਿਹਾ। ਮੈਨੂੰ ਪਤਾ ਤੁਸੀਂ ਕਹੋਗੇ ਤਾਂ ਉਹ ਜ਼ਰੂਰ ਮੰਨ ਜਾਵੇਗਾ।

ਗੋਪਾਲ - ਤੈਨੂੰ ਪਤਾ ਹੀ ਸਵਰਨ ਕਸ਼ਮੀਰ ਦੇ ਸੁਭਾ ਦਾ ਉਸ ਨੇ ਜੋ ਅੜੀ ਕਰ ਲਈ ਫਿਰ ਭਾਵੇਂ ਕੋਈ ਵੀ ਜ਼ੋਰ ਲਾ ਲਵੇ ਉਸ ਨੂੰ ਮਨਾ ਨਹੀਂ ਸਕਦਾ। ਹੋ ਸਕਦਾ ਮੇਰੀ ਗੱਲ ਮੰਨ ਜਾਵੇ ਪਰ ਬਾਪੂ ਦੀ ਸਾਰੀ ਸੇਵਾ ਓਸੇ ਨੇ ਹੀ ਕੀਤੀ ਆ ਤੇ ਉਸਦਾ ਹੀ ਹੱਕ ਹੈ ਬਾਪੂ ਤੇ। ਮੈਂ ਉਸ ਨੂੰ ਬਿਲਕੁਲ ਮਜ਼ਬੂਰ ਨਹੀਂ ਕਰਾਂਗਾ। ਬਾਕੀ ਤੂੰ ਆਪ ਗੱਲ ਕਰ ਲੈ।

ਗੋਪਾਲ ਨੇ ਵੀ ਸਵਰਨ ਨੂੰ ਨਾਂਹ ਕਰ ਦਿੱਤੀ। ਸਵਰਨ ਹੋਰਾਂ ਕੋਲੋਂ ਤਾਂ ਕਸ਼ਮੀਰ ਕੋਲ ਸਨਾਹ ਭੇਜਦਾ ਰਿਹਾ ਪਰ ਆਪ ਮੂੰਹੋ ਇੱਕ ਵਾਰ ਵੀ ਕਸ਼ਮੀਰ ਨੂੰ ਨਾ ਕਿਹਾ। ਕਿਉਂਕਿ ਉਹ ਜਾਣਦਾ ਸੀ ਕੇ ਉਸਨੇ ਤਾਂ ਕਦੇ ਆਪਣੇ ਬਾਪੂ ਦਾ ਹਾਲ ਚਾਲ ਵੀ ਨਹੀਂ ਸੀ ਪੁੱਛਿਆ। ਤੇ ਅੱਜ ਕਿਹੜੇ ਹੱਕ ਨਾਲ ਬਾਪੂ ਨੂੰ ਵੱਡਾ ਕਰਨ ਲਈ ਕਹਿ ਸਕਦਾ ਸੀ। ਫਿਰ ਵੀ ਸਵਰਨ ਨੇ ਆਪਣੀਆਂ ਭੈਣਾਂ ਤੇ ਜੀਜਿਆ ਨੂੰ ਕਹਿ ਕੇ ਕਸ਼ਮੀਰ ਨੂੰ ਬਾਪੂ ਨੂੰ ਵੱਡਾ ਕਰਨ ਲਈ ਮਜ਼ਬੂਰ ਕਰ ਹੀ ਦਿੱਤਾ। ਜਦੋਂ ਹੱਦ ਤੋਂ ਜਿਆਦਾ ਸਭ ਨੇ ਕਿਹਾ ਤਾਂ ਕਸ਼ਮੀਰ ਨੇ ਆਪਣੀ ਜਿੱਦ ਛੱਡ ਦਿੱਤੀ। ਫਿਰ ਬਾਪੂ ਨੂੰ ਵੱਡਾ ਕੀਤਾ ਗਿਆ। ਸਵਰਨ ਨੇ ਇੱਕ ਕੈਮਰੇ ਵਾਲਾ ਸੱਦ ਕੇ ਫੋਟੋਵਾ ਵੀ ਖਿਚਵਾਈਆਂ। ਸਾਰੇ ਰਸਮਾਂ ਰਿਵਾਜ ਕੀਤੇ ਗਏ।

ਇਸ ਦੌਰਾਨ ਜੋ ਵੀ ਖਰਚਾ ਹੋਇਆ ਉਸਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ। ਇੱਕ ਹਿੱਸਾ ਗੋਪਾਲ ਸਿੰਘ ਨੇ ਦਿੱਤਾ, ਇੱਕ ਸਵਰਨ ਸਿੰਘ ਨੇ ਤੇ ਦੋ ਹਿੱਸੇ ਪਿਆਰਾ ਸਿੰਘ ਨੇ ਦਿੱਤੇ। ਕਿਉਂਕਿ ਕਸ਼ਮੀਰ ਤਾਂ ਬਸ ਬਾਪੂ ਦੀ ਸੇਵਾ ਵਿੱਚ ਲੱਗਾ ਰਹਿੰਦਾ ਸੀ। ਉਸ ਕੋਲ ਤਾਂ ਕੋਈ ਕੰਮ ਕਰਨ ਦਾ ਵੀ ਸਮਾਂ ਨਹੀਂ ਸੀ ਹੁੰਦਾ। ਸਭ ਕਾਰ ਵਿਹਾਰ ਹੋ ਗਏ ਪਰ ਕਸ਼ਮੀਰ ਦੇ ਬਾਪੂ ਦੀ ਘਾਟ ਉਸਨੂੰ ਸਦਾ ਲੱਗੀ ਰਹੀ। ਪਰ ਕਸ਼ਮੀਰ ਸਿੰਘ ਤੇ ਉਸਦੀ ਘਰਵਾਲੀ ਨੇ ਜੋ ਆਪਣੇ ਬਾਪੂ ਦੀ ਸੇਵਾ ਕੀਤੀ ਇਹੋ ਜਿਹੀ ਕੋਈ ਵਿਰਲਾ ਹੀ ਕਰਦਾ ਹੈ। ਉਸ ਤੋਂ ਕੁਝ ਸਮੇ ਬਾਅਦ ਹੀ ਕਸ਼ਮੀਰ ਸਿੰਘ ਦੀ ਮਾਂ ਵੀ ਅਕਾਲ ਚਲਾਣਾ ਕਰ ਗਈ।

ਮਨੁੱਖ ਦੀ ਜੀਵਨ ਸ਼ੈਲੀ ਨੂੰ ਤਿੰਨ ਸ੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਸਭ ਤੋਂ ਪਹਿਲੀ ਸ੍ਰੇਣੀ ਬਚਪਨ, ਜਿਸ ਵਿੱਚ ਬਿਨਾਂ ਮੰਗਿਆ ਹੀ ਸਭ ਦਾ ਪਿਆਰ ਮਿਲਦਾ ਹੈ ਤੇ ਹਰ ਕੋਈ ਲਾਡ ਲਡਾਉਂਦਾ ਹੈ। ਦੂਸਰੀ ਸ੍ਰੇਣੀ ਜਵਾਨੀ, ਜਿਸ ਵਿੱਚ ਜ਼ਬਰਦਸਤੀ, ਹੱਕ ਨਾਲ, ਖੁਸ਼ੀ ਨਾਲ, ਮੰਗ ਕੇ ਤੇ ਹੋਰ ਵੀ ਤਰੀਕਿਆਂ ਨਾਲ ਪਿਆਰ ਮਿਲਦਾ ਹੈ ਤੇ ਚਾਹੁਣ ਵਾਲੇ ਸਾਥ ਰੱਖਦੇ ਨੇ। ਸਭ ਤੋਂ ਅੰਤਿਮ ਸ੍ਰੇਣੀ ਹੈ ਬੁਢਾਪਾ, ਜਿਸ ਵਿੱਚ ਪਿਆਰ ਕਿਸਮਤ ਨਾਲ ਮਿਲਦਾ ਹੈ, ਤੇ ਕੁਝ ਚੁਣਵੇਂ ਹੀ ਸਾਥ ਦੇਂਦੇ ਨੇ। ਚੰਨਣ ਸਿੰਘ ਦੇ ਅੰਤਿਮ ਸਮੇਂ ਤੱਕ ਉਸਦੀ ਨੂੰਹ ਤੇ ਉਸਦਾ ਪੁੱਤਰ ਕੰਧ ਬਣ ਕੇ ਉਸਦੇ ਨਾਲ ਖੜੇ ਰਹੇ। ਨਿਸ਼ਕਾਮ ਸੇਵਾ ਕਰਦੇ ਰਹੇ। ਚੰਨਣ ਸਿੰਘ ਵਡਭਾਗੀ ਸੀ ਜੋ ਉਸਨੂੰ ਕਸ਼ਮੀਰ ਜਿਹਾ ਪੁੱਤਰ ਮਿਲਿਆ। ਨਹੀਂ ਤਾਂ ਹਜ਼ਾਰਾਂ ਹੀ ਬੁਜਰਗ ਰੁਲਦੇ ਦੇਖੇ ਨੇ ਜਿਨ੍ਹਾਂ ਦੀ ਸਾਂਭ ਸੰਭਾਲ ਕੋਈ ਨਹੀਂ ਕਰਦਾ। ਜੋ ਜ਼ਤੀਮ ਖਾਨਿਆਂ ਵਿੱਚ ਨੇ। ਜਿਨ੍ਹਾਂ ਦੇ ਵਾਰਿਸ ਹੋਣ ਦੇ ਬਾਵਜੂਦ ਵੀ ਕੋਈ ਉਹਨਾਂ ਨੂੰ ਸਾਂਭਣ ਲਈ ਤਿਆਰ ਨਹੀਂ। ਮਾਂ ਬਾਪ ਦੀ ਸੇਵਾ ਸਭ ਤੋਂ ਉੱਤਮ ਕਹਿ ਸਕਦੇ ਹਾਂ। ਸੇਵਾ ਤਾਂ ਸੇਵਾ ਹੈ ਭਾਵੇਂ ਘਰੇ ਕਰ ਲਵੋ ਭਾਵੇਂ ਬਾਹਰ।

ਪ੍ਰੀਤ ਸਿੰਘ ਭੈਣੀ

9779324826

(ਇਸ ਕਹਾਣੀ ਤੇ ਵਿਚਾਰ ਕਰਨ ਲਈ ਜਾਂ ਹੋਰ ਕਹਾਣੀਆਂ ਪੜਨ ਲਈ ਮੈਨੂੰ ਕਾਲ ਜਾਂ ਵਟਸਐੱਪ ਕਰ ਸਕਦੇ ਹੋ)

**To read more stories from Preet Singh Bhaini go to the link below**

**http://punjabilibrary.com/authors/preet-singh- bhaini/**